Government of **Western Australia**
**School Curriculum and Standards Authority**

## ATAR course sample examination

## Question/Answer booklet

# PUNJABI: SECOND LANGUAGE

Please place your student identification label in this box

WA student number: In figures

| | | | | | | | |
|---|---|---|---|---|---|---|---|
| | | | | | | | |

In words ______________________

## Time allowed for this paper

Reading time before commencing work: ten minutes
Working time: two and a half hours

## Materials required/recommended for this paper

***To be provided by the supervisor***
This Question/Answer booklet
Sound recording

***To be provided by the candidate***
Standard items: pens (blue/black preferred), pencils (including coloured), sharpener, correction fluid/tape, eraser, ruler, highlighters
Special items: monolingual and/or bilingual print dictionaries
Note: Dictionaries must not contain any notes or other marks. No electronic dictionaries are allowed.

## Important note to candidates

No other items may be taken into the examination room. It is **your** responsibility to ensure that you do not have any unauthorised material. If you have any unauthorised material with you, hand it to the supervisor **before** reading any further.

2024/61602
Copyright © School Curriculum and Standards Authority 2024

## Structure of the examination

The Punjabi: Second Language ATAR course examination consists of a written component and a practical (oral) component.

## Structure of this paper

| Section | Number of questions available | Number of questions to be answered | Suggested working time (minutes) | Marks available | Percentage of written examination |
|---|---|---|---|---|---|
| Section One<br>Listening and responding | 12 | 12 | 30 | 30 | 30 |
| Section Two<br>Reading and responding<br>Part A: Reading and responding in English | 10 | 10 | 30 | 30 | 15 |
| Part B: Reading and responding in Punjabi | 1 | 1 | 30 | 15 | 15 |
| Section Three<br>Writing in Punjabi<br>Part A:<br>Short response | 1 | 1 | 20 | 15 | 15 |
| Part B:<br>Extended response | 2 | 1 | 40 | 25 | 25 |
| | | | | **Total** | 100 |

## Instructions to candidates

1. The rules for the conduct of the Western Australian external examinations are detailed in the *Year 12 Information Handbook: Part II Examinations*. Sitting this examination implies that you agree to abide by these rules.

2. Write your answers in Standard Australian English or Punjabi in this Question/Answer booklet preferably using a blue/black pen. Do not use erasable or gel pens.

3. You must be careful to confine your answers to the specific questions asked, and to follow any instructions that are specific to a particular question.

4. Supplementary pages for planning/continuing your answers to questions are provided at the end of this Question/Answer booklet. If you use these pages to continue an answer, indicate at the original answer where the answer is continued, i.e. give the page number.

**Section One: Listening and responding** **30% (30 Marks)**

This section contains **12** questions. Answer **all** questions in **English** in the spaces provided.

You will hear **three** texts in **Punjabi**. Texts 1 and 2 will be played twice. Text 3 is divided into **two** parts. It will be played once in its entirety, then each part will be played twice.

There will be a short pause between the first and second readings. After the second reading, there will be time to answer the questions.

You may make notes at any time. Your notes will not be marked. You may come back to this section at any time during the working time for this paper.

Suggested working time: 30 minutes.

---

Listen to the short text that is printed below. This will help you to become accustomed to the speakers' voices. There are no questions or marks associated with this text.

A: ਸਤਿ ਸ੍ਰੀ ਅਕਾਲ! ਬਲਬੀਰ, ਤੁਹਾਡੀਆਂ ਛੁੱਟੀਆਂ ਕਿਵੇਂ ਚੱਲ ਰਹੀਆਂ ਹਨ?

B: ਸਤਿ ਸ੍ਰੀ ਅਕਾਲ! ਸੁਰਿੰਦਰ, ਮੇਰੀਆਂ ਛੁੱਟੀਆਂ ਠੀਕ ਚੱਲ ਰਹੀਆਂ ਹਨ। ਮੈਂ ਇਨ੍ਹਾਂ ਛੁੱਟੀਆਂ ਵਿੱਚ ਕਾਰ ਚਲਾਉਣਾ ਸਿੱਖ ਰਿਹਾ ਹਾਂ। ਤੁਸੀਂ ਅੱਜ-ਕੱਲ੍ਹ ਕੀ ਕਰ ਰਹੇ ਹੋ?

A: ਇਹ ਤਾਂ ਬਹੁਤ ਚੰਗੀ ਗੱਲ ਹੈ। ਮੈਂ ਇੱਕ ਪੰਜਾਬੀ ਕਮਿਊਨਿਟੀ ਸਕੂਲ ਵਿੱਚ ਪੜ੍ਹਾ ਰਹੀ ਹਾਂ।

B: ਤੁਹਾਡੇ ਕੋਲ ਕਿੰਨੇ ਵਿਦਿਆਰਥੀ ਪੜ੍ਹਦੇ ਹਨ?

A: ਬਲਬੀਰ, ਸਾਡੇ ਕੋਲ ਦੋ ਕਲਾਸਾਂ ਹਨ, ਜਿਨ੍ਹਾਂ ਵਿੱਚ ਕੁੱਲ 22 ਵਿਦਿਆਰਥੀ ਹਨ।

B: ਇਹ ਤਾਂ ਬਹੁਤ ਵਧੀਆ ਗੱਲ ਹੈ, ਇਹ ਤੁਹਾਡੇ ਭਵਿੱਖ ਲਈ ਇੱਕ ਚੰਗਾ ਤਜਰਬਾ ਹੋਵੇਗਾ।

A: ਹਾਂਜੀ, ਹੁਣ ਮੈਨੂੰ ਜਾਣਾ ਪਵੇਗਾ ਕਿਉਂਕਿ ਮੇਰੀ ਕਲਾਸ 15 ਮਿੰਟ ਵਿੱਚ ਹੈ।

B: ਚੰਗਾ ਜੀ, ਸਤਿ ਸ੍ਰੀ ਅਕਾਲ।

**Turn over page and begin Section One**

**Text 1: Phone call for getting a medical appointment**

Space for notes

Listen to the conversation between a patient and a medical receptionist and answer Questions 1 to 6.

**Question 1** **(1 mark)**

State the name of the receptionist who answered Ravi's call.

______________________________

**Question 2** **(1 mark)**

State the reason for Ravi to seek an immediate appointment.

______________________________

**Question 3** **(2 marks)**

List any **two** identification questions that the receptionist asked Ravi.

One: ______________________________

Two: ______________________________

**Question 4** **(2 marks)**

State **two** reasons why Ravi wants to see only Dr Ashish Singh.

One: ______________________________

Two: ______________________________

**Question 5** **(3 marks)**

Tick (✓) the **three** correct statements from the list below**.**

| Statement | ✓ |
|---|---|
| The receptionist uses words such as 'please' and 'thank you' with her patients. | |
| The receptionist gives prescriptions to patients without consulting a doctor. | |
| The receptionist gives assurance to the patients. | |
| The receptionist always tries to schedule patients' appointments with their preferred doctor. | |

**Question 6** **(2 marks)**

State **two** things that Ravi needs to bring to the appointment.

One: ______________________________

Two: ______________________________

**See next page**

**Text 2: Job Interview**

Space for notes

Listen to the job interview and answer Questions 7 to 9.

**Question 7** **(2 marks)**

(a) Name the job that Amy has applied for. (1 mark)

---

(b) Identify the course that Amy is studying at the university. (1 mark)

---

**Question 8** **(3 marks)**

Outline **three** job requirements stated by the interviewer.

One: ______________________________

Two: ______________________________

Three: ______________________________

**Question 9** **(4 marks)**

Tick (✓) to indicate whether each of the following statements is true **or** false.

| Statement | True (✓) | False (✓) |
|---|---|---|
| Amy is good at communicating in English. | | |
| Amy has studied Punjabi in Year 12. | | |
| Amy cannot work on Saturdays and Sundays. | | |
| The interview results will be available after three days. | | |

**Text 3: Khalsa Aid**

Space for notes

Listen to the following speech about Khalsa Aid International and answer Questions 10 to 12.

**Part (i)**

**Question 10** **(1 mark)**

State the year when Khalsa Aid was founded. ______________________

**Question 11** **(6 marks)**

(a) State the **two** missions of Khalsa Aid. (2 marks)

One: ______________________________________________

______________________________________________

Two: ______________________________________________

______________________________________________

(b) Name **two** countries in which Khalsa Aid has provided help to refugees during conflicts. (2 marks)

One: ______________________________________________

Two: ______________________________________________

(c) State **two** earthquake affected regions where the aid was given in January 2001. (2 marks)

One: ______________________________________________

Two: ______________________________________________

**Part (ii)**

**Question 12** **(3 marks)**

(a) Name **one** project that Khalsa Aid is currently working on and highlight the main motive of this project. (2 marks)

______________________________________________

______________________________________________

(b) Identify how this organisation is funded. (1 mark)

______________________________________________

**End of Section One**

**See next page**

## Section Two: Reading and responding 30% (45 Marks)

This section contains **four** texts and **11** questions. Answer all questions in **English or Punjabi**, as specified, in the spaces provided.

**Part A: Reading and responding in English**
This section contains **three** texts and **10** questions. Answer all questions in **English** in the spaces provided.

**Part B: Reading and responding in Punjabi**
This section contains **one** text and **one** question. Answer the question in **Punjabi** in the space provided.

Supplementary pages for planning/continuing your answers to questions are provided at the end of this Question/Answer booklet. If you use these pages to continue an answer, indicate at the original answer where the answer is continued, i.e. give the page number.

Suggested working time: 60 minutes.

---

**Part A: Reading and responding in English** **15% (30 Marks)**

This section contains **three** texts and **10** questions. Answer all questions in **English** in the spaces provided.

Suggested working time: 30 minutes.

---

**Text 4: My future plan**

Read Text 4 and answer Questions 13 to 15.

**ਮੇਰੇ ਭੱਵਿਖ ਦੀ ਯੋਜਨਾ**

ਪਿਛਲੇ ਹਫ਼ਤੇ ਮੈਂ ਆਪਣੀਆਂ ਸਹੇਲੀਆਂ ਨਾਲ ਪੰਜਾਬੀ ਸੱਭਿਆਚਾਰਕ ਮੇਲੇ ਤੇ ਗਈ ਸੀ। ਇਸ ਮੇਲੇ ਵਿੱਚ ਪੰਜਾਬੀ ਪਹਿਰਾਵੇ ਨੂੰ ਦਰਸਾਉਂਦੀਆਂ ਹੋਈਆਂ ਬਹੁਤ ਸਾਰੀਆਂ ਪ੍ਰਦਰਸ਼ਨੀਆਂ ਲੱਗੀਆਂ ਹੋਈਆਂ ਸਨ ਜਿਵੇਂ ਕਿ ਪੰਜਾਬੀ ਗਹਿਣੇ, ਸੂਟ, ਕੁੜਤੇ-ਪਜਾਮੇਂ, ਪੱਗਾਂ, ਫੁਲਕਾਰੀ ਵਾਲੀਆਂ ਚੁੰਨੀਆਂ ਅਤੇ ਬੱਚਿਆਂ ਦੇ ਪੰਜਾਬੀ ਕੱਪੜੇ ਆਦਿ।

ਇਸ ਮੇਲੇ ਤੇ ਜਾਣਾ ਮੇਰੇ ਲਈ ਇੱਕ ਚੰਗਾ ਤਜ਼ਰਬਾ ਸੀ ਕਿਉਂਕਿ ਇਸਨੇ ਮੈਨੂੰ ਆਪਣੇ ਭਵਿੱਖ ਲਈ ਇੱਕ ਨਵੀਂ ਦਿਸ਼ਾ ਦਿੱਤੀ ਹੈ। ਛੋਟੀ ਉਮਰ ਤੋਂ ਹੀ, ਮੈਨੂੰ ਸਿਲਾਈ ਅਤੇ ਪੇਂਟਿੰਗ ਪਸੰਦ ਸੀ ਪਰ ਮੈਂ ਕਦੇ ਇਹ ਨਹੀਂ ਸੋਚਿਆ ਸੀ ਕਿ ਇਹ ਸ਼ੌਂਕ ਮੇਰੇ ਭਵਿੱਖ ਦਾ ਰੋਜ਼ਗਾਰ ਵੀ ਹੋ ਸਕਦੇ ਹਨ। ਪੰਜਾਬੀ ਮੇਲੇ ਵਿੱਚ ਬਹੁਤ ਸਾਰੇ ਸੁੰਦਰ ਡਿਜ਼ਾਈਨ ਅਤੇ ਕਢਾਈ ਵਾਲੇ ਕੱਪੜੇ ਦੇਖ ਕੇ ਮੈਂ ਜਿੱਥੇ ਬਹੁਤ ਹੈਰਾਨ ਸੀ ਉੱਥੇ ਬਹੁਤ ਪ੍ਰੇਰਿਤ ਵੀ ਹੋਈ ਸੀ। ਇੱਥੇ ਸੋਹਣੇ-ਸੋਹਣੇ ਕੱਪੜੇ ਦੇਖ ਕੇ ਮੇਰੇ ਮਨ ਵਿਚ ਖਿਆਲ ਆਇਆ ਕਿ ਮੈਂ ਵੀ ਇਸ ਤਰ੍ਹਾਂ ਦੇ ਕਪੜੇ ਡਿਜ਼ਾਈਨ ਕਰ ਸਕਦੀ ਹਾਂ ਅਤੇ ਮੈਂ ਹੁਣ ਪੰਜਾਬੀ ਡਰੈੱਸ ਡਿਜ਼ਾਈਨਰ ਬਣਨ ਦਾ ਫੈਸਲਾ ਕੀਤਾ ਹੈ। ਪੰਜਾਬੀ ਕੱਪੜਿਆਂ ਦਾ ਬਜ਼ਾਰ ਇਸ ਸਮੇਂ ਵੱਧ ਰਿਹਾ ਹੈ ਅਤੇ ਮੈਂ ਕੱਪੜੇ ਵੇਚਣ ਲਈ ਇੱਕ ਆਨਲਾਈਨ ਕਾਰੋਬਾਰ ਸ਼ੁਰੂ ਕਰਨ ਦੀ ਯੋਜਨਾ ਵੀ ਬਣਾ ਰਹੀ ਹਾਂ।

ਮੈਂ ਭਵਿੱਖ ਵਿੱਚ ਕਿਸੇ ਸਥਾਨਕ ਸੰਸਥਾ ਤੋਂ ਫੈਸ਼ਨ ਡਿਜ਼ਾਈਨਿੰਗ ਦਾ ਕੋਰਸ ਕਰਨ ਦੀ ਯੋਜਨਾ ਬਣਾ ਰਹੀ ਹਾਂ। ਉਸ ਤੋਂ ਬਾਅਦ ਮੈਂ ਪੰਜਾਬ ਜਾਵਾਂਗੀ ਅਤੇ ਪੰਜਾਬੀ ਡਰੈੱਸ ਡਿਜ਼ਾਈਨਿੰਗ ਦਾ ਕੋਰਸ ਵੀ ਕਰਾਂਗੀ।

ਆਪਣੀ ਇਸ ਯੋਜਨਾ ਨੂੰ ਸਾਰਥਕ ਰੂਪ ਦੇਣ ਲਈ ਮੈਂ ਬਹੁਤ ਉਤਸ਼ਾਹਿਤ ਹਾਂ ਅਤੇ ਇਸ ਦੇ ਨਾਲ ਹੀ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਮੈਂ ਆਪਣੇ ਸ਼ੌਂਕ ਨੂੰ ਆਪਣੇ ਕੈਰੀਅਰ ਵਿੱਚ ਵਰਤ ਕਰ ਸਕਦੀ ਹਾਂ। ਮੈਂ ਆਪਣੀਆਂ ਸਹੇਲੀਆਂ ਦੀ ਬਹੁਤ ਸ਼ੁਕਰਗੁਜ਼ਾਰ ਹਾਂ ਜੋ ਮੈਨੂੰ ਇਸ ਮੇਲੇ ਵਿੱਚ ਲੈ ਕੇ ਗਈਆਂ ਅਤੇ ਮੈਨੂੰ ਡਰੈੱਸ ਡਿਜ਼ਾਈਨਿੰਗ ਵਿੱਚ ਕੈਰੀਅਰ ਬਣਾਉਣ ਲਈ ਪ੍ਰੇਰਿਤ ਕੀਤਾ।

**Question 13** **(2 marks)**

List **two** Punjabi clothing items mentioned by the writer in the text.

One: ______________________________

Two: ______________________________

**Question 14** **(2 marks)**

State **two** hobbies of the writer which are mentioned in the text.

One: ______________________________

Two: ______________________________

**Question 15** **(6 marks)**

Tick (✓) to indicate whether each of the following statements is true **or** false.

| Statement | True (✓) | False (✓) |
|---|---|---|
| The writer of the text attended the Punjabi cultural festival with their parents. | | |
| The Punjabi cultural festival was a good experience for the writer. | | |
| In the festival, the exhibition of the beautiful clothes inspired the writer. | | |
| The writer always wanted to be a dress designer. | | |
| The writer wants to do a course in the Punjabi language. | | |
| The writer is happy because they can use their hobbies in their career. | | |

**Text 5: Punjab Farm Technology Centre**

Read Text 5 and answer Questions 16 to 19.

ਸੇਵਾ ਵਿਖੇ,

ਸਿੱਖਿਆ ਸਹਾਇਤਾ ਸੇਵਾਵਾਂ,
ਪੰਜਾਬ ਫਾਰਮ ਟੈਕਨੋਲੋਜੀ ਸੈਂਟਰ,
ਲੁਧਿਆਣਾ, ਪੰਜਾਬ।

ਸ੍ਰੀ ਮਾਨ ਜੀ,

ਮੇਰਾ ਨਾਮ ਗੁਰਮਨ ਹੈ ਅਤੇ ਮੈਂ ਆਸਟ੍ਰੇਲੀਆ ਵਿੱਚ ਰਹਿੰਦਾ ਹਾਂ। ਮੈਂ ਪ੍ਰਾਈਮ ਯੂਨੀਵਰਸਿਟੀ ਡਬਲਯੂ ਏ ਵਿੱਚ ਖੇਤੀਬਾੜੀ ਵਿਗਿਆਨ ਵਿੱਚ ਪੋਸਟ ਗ੍ਰੈਜੂਏਟ ਡਿਗਰੀ ਦੀ ਪੜ੍ਹਾਈ ਕਰ ਰਿਹਾ ਹਾਂ। ਮੈਂ ਕਣਕ ਅਤੇ ਚਾਵਲ ਦੀਆਂ ਉਨ੍ਹਾਂ ਕਿਸਮਾਂ 'ਤੇ ਖੋਜ ਕਰ ਰਿਹਾ ਹਾਂ ਜਿਨ੍ਹਾਂ ਦੀ ਪੈਦਾਵਾਰ ਲਈ ਘੱਟ ਪਾਣੀ ਦੀ ਲੋੜ ਹੁੰਦੀ ਹੈ, ਪਰ ਝਾੜ ਵਧੇਰੇ ਦਿੰਦੀਆਂ ਹਨ। ਮੈਂ ਇਨ੍ਹਾਂ ਫ਼ਸਲਾਂ ਦੇ ਖੇਤਰ ਵਿੱਚ ਆਪਣੀ ਖੋਜ ਜਾਰੀ ਰੱਖਣਾ ਚਾਹੁੰਦਾ ਹਾਂ। ਮੈਂ ਪੰਜਾਬ ਅਤੇ ਪਰਥ ਦੀਆਂ ਕਣਕ ਅਤੇ ਚਾਵਲ ਦੀਆਂ ਕਿਸਮਾਂ ਦਾ ਤੁਲਨਾਤਮਕ ਅਧਿਐਨ ਕਰਨਾ ਚਾਹੁੰਦਾ ਹਾਂ। ਇਸ ਲਈ ਮੈਂ ਪੰਜਾਬ ਦੇ ਖੇਤੀਬਾੜੀ ਸਿਸਟਮ ਬਾਰੇ ਹੋਰ ਜਾਣਨਾ ਚਾਹੁੰਦਾ ਹਾਂ।

ਮੈਂ ਆਪਣੀ ਖੋਜ ਅਧੀਨ, ਪੰਜਾਬ ਫਾਰਮ ਟੈਕਨੋਲੋਜੀ ਸੈਂਟਰ (ਪੀ.ਐਫ਼.ਟੀ.ਸੀ.)ਵਿੱਚ ਇਨ੍ਹਾਂ ਫਸਲਾਂ ਬਾਰੇ ਦੋ ਮਹੀਨੇ ਦਾ ਕੋਰਸ ਕਰਨਾ ਚਾਹੁੰਦਾ ਹਾਂ। ਮੈਂ ਇਹ ਵੀ ਸੁਣਿਆ ਹੈ ਕਿ ਤੁਹਾਡਾ ਸੈਂਟਰ ਆਮ ਤੌਰ 'ਤੇ ਕਿਸਾਨ ਮੇਲਿਆਂ ਦਾ ਵੀ ਆਯੋਜਨ ਕਰਦਾ ਰਹਿੰਦਾ ਹੈ। ਇਹ ਮੇਲੇ ਮੇਰੇ ਲਈ ਸਥਾਨਕ ਕਿਸਾਨਾਂ ਨੂੰ ਮਿਲਣ ਦਾ ਇੱਕ ਵਧੀਆ ਸਾਧਨ ਹੋਣਗੇ। ਜਿਨ੍ਹਾਂ ਦੁਆਰਾ ਮੈਂ ਉਨ੍ਹਾਂ ਦੁਆਰਾ ਵਰਤੇ ਜਾਣ ਵਾਲੇ ਖੇਤੀਬਾੜੀ ਦੇ ਤਰੀਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦਾ ਹਾਂ।

ਮੇਰੇ ਬਹੁਤ ਸਾਰੇ ਪੰਜਾਬੀ ਦੋਸਤਾਂ ਨੇ ਮੈਨੂੰ ਪੀ.ਐਫ਼.ਟੀ.ਸੀ. ਬਾਰੇ ਸਿਫ਼ਾਰਿਸ਼ ਕੀਤੀ ਹੈ ਅਤੇ ਇਸ ਦੇ ਨਾਲ ਹੀ ਮੈਂ ਇਸ ਦੀ ਵੈੱਬਸਾਈਟ 'ਤੇ ਜਾ ਕੇ ਇਸ ਬਾਰੇ ਖੋਜ ਵੀ ਕੀਤੀ ਹੈ। ਮੈਂ ਫ਼ਸਲਾਂ ਦੇ ਸੁਧਾਰ ਲਈ ਕੀਤੇ ਗਏ ਇਸ ਦੇ ਕੰਮਾਂ ਅਤੇ ਪ੍ਰਾਪਤੀਆਂ ਤੋਂ ਬਹੁਤ ਪ੍ਰਭਾਵਿਤ ਹਾਂ ਜਿਵੇਂ ਕਿ ਪੰਜਾਬ ਦੀਆਂ ਜੱਦੀ ਫ਼ਸਲਾਂ ਕਣਕ ਅਤੇ ਜੌਂ ਦੀ ਪੈਦਾਵਾਰ ਵਧਾਉਣਾ ਅਤੇ ਪਾਣੀ ਦੀ ਘੱਟ ਵਰਤੋਂ ਕਰਕੇ ਚਾਵਲ ਦੀਆਂ ਵੱਖ-ਵੱਖ ਕਿਸਮਾਂ ਦੀ ਪੈਦਾਵਾਰ ਕਰਨਾ। ਇਸ ਤੋਂ ਇਲਾਵਾ ਘੱਟ ਸਮੇਂ ਵਿੱਚ ਉੱਗਣ ਵਾਲੀਆਂ ਫ਼ਸਲਾਂ ਜਿਵੇਂ ਕਿ ਸੂਰਜਮੁਖੀ, ਮੂੰਗਫਲੀ, ਤਿਲ ਅਤੇ ਅਲਸੀ ਦੀ ਪੈਦਾਵਾਰ ਵਧਾਉਣ ਲਈ ਇਸ ਦੇ ਸ਼ਲਾਘਾਯੋਗ ਕੰਮ ਅਤੇ ਬਿਮਾਰੀ ਰਹਿਤ ਫ਼ਸਲਾਂ ਦੇ ਖੇਤਰ ਵਿੱਚ ਗੰਨਾ, ਕਪਾਹ, ਅਤੇ ਪਸ਼ੂਆਂ ਦੇ ਚਾਰੇ ਦੀਆਂ ਵੱਖ ਵੱਖ ਬਿਮਾਰੀ ਰਹਿਤ ਕਿਸਮਾਂ ਦੀ ਖੋਜ ਕਰਨਾ ਵੀ ਸ਼ਾਮਿਲ ਹੈ।

ਕਿਰਪਾ ਕਰਕੇ ਮੈਨੂੰ ਫ਼ਸਲਾਂ ਦੀ ਪੈਦਾਵਾਰ ਦੇ ਖੇਤਰ ਵਿੱਚ ਵਧੇਰੇ ਖੋਜ ਕਰਨ ਵਾਸਤੇ ਆਪਣੇ ਸੈਂਟਰ ਵਿੱਚ ਦਾਖਲਾ ਦਿਓ ਅਤੇ ਮੈਨੂੰ ਇਸ ਨਾਲ ਸੰਬੰਧਿਤ ਜਾਣਕਾਰੀ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ ਤਾਂ ਕਿ ਮੈਂ ਲੋੜੀਂਦੀ ਤਿਆਰੀ ਕਰ ਸਕਾਂ। ਮੈਂ ਤੁਹਾਡੇ ਉੱਤਰ ਦੀ ਉਡੀਕ ਕਰਾਂਗਾਂ।

ਧੰਨਵਾਦ ਸਹਿਤ,
ਗੁਰਮਨ।

ਪਤਾ: 5-ਏ ਪਾਰਕਵੇਅ ਰੋਡ, ਵੁੱਡਮਾਈਨ ਡਬਲਯੂ.ਏ. 6009

**Question 16** **(4 marks)**

(a) State the name of the university Gurman is attending and the name of the course he is studying there. (2 marks)

University: ______________________________

Course: ______________________________

(b) Name **two** crops that Gurman is currently researching at the university. (2 marks)

One: ______________________________

Two: ______________________________

**Question 17** **(1 mark)**

State the reason why Gurman wants to enrol at the Punjab Farm Technology Centre.

______________________________

______________________________

**Question 18** **(2 marks)**

Tick (✓) the **two** main activities that Gurman wants to participate in at the Punjab Farm Technology Centre.

| Statement | ✓ |
|---|---|
| a two-month course in chemistry | |
| a two-month course in agriculture | |
| to attend the Diwali Festival | |
| to participate in the Kisan Mela | |

**Question 19** **(5 marks)**

Tick (✓) **five** statements highlighting the major achievements of Punjab Farm Technology Centre in the field of crop research.

| Statement | ✓ |
|---|---|
| development of high-yield varieties of wheat | |
| development of water-efficient varieties of apple | |
| development of water-efficient varieties of rice | |
| development of short-season varieties of groundnut | |
| development of environmental-friendly varieties of sunflower | |
| development of short-season varieties of sunflower | |
| development of disease-resistant varieties of sugarcane | |

**See next page**

**Text 6: The art of Punjabi calligraphy**

Read Text 6 and answer Questions 20 to 22.


**ਪੰਜਾਬੀ ਕੈਲੀਗ੍ਰਾਫੀ ਦੀ ਕਲਾ**

ਪੰਜਾਬੀ ਸੱਭਿਆਚਾਰ ਦੀ ਵਿਸ਼ਵ ਵਿੱਚ ਆਪਣੀ ਇੱਕ ਵਿਲੱਖਣ ਹੀ ਜਗ੍ਹਾ ਹੈ। ਪੰਜਾਬੀ ਸੱਭਿਆਚਾਰ ਵਿੱਚ ਅਣਗਿਣਤ ਕਲਾਵਾਂ ਹਨ ਜਿਵੇਂ ਕਿ ਰਹਿਣ-ਸਹਿਣ, ਖਾਣ-ਪੀਣ, ਕੱਪੜੇ ਪਹਿਨਣ, ਨਾਚ, ਸੰਗੀਤ ਆਦਿ ਨਾਲ ਸੰਬੰਧਿਤ ਵੱਖ-ਵੱਖ ਤਰ੍ਹਾਂ ਦੀਆਂ ਕਲਾਵਾਂ। ਇਸੇ ਤਰ੍ਹਾਂ ਅੱਖਰਾਂ, ਸ਼ਬਦਾਂ ਅਤੇ ਵਾਕਾਂ ਨੂੰ ਸੁੰਦਰ ਤਰੀਕੇ ਨਾਲ ਲਿਖਣਾ ਵੀ ਇੱਕ ਕਲਾ ਹੈ। ਜਦੋਂ ਅੱਖਰਾਂ ਨੂੰ ਰਚਨਾਤਮਕ ਅਤੇ ਸੁੰਦਰ ਤਰੀਕੇ ਨਾਲ ਲਿਖਿਆ ਜਾਂਦਾ ਹੈ ਤਾਂ ਇਸ ਕਲਾ ਨੂੰ ਕੈਲੀਗ੍ਰਾਫੀ ਜਾਂ ਸੁਲੇਖ ਰਚਨਾ ਕਿਹਾ ਜਾਂਦਾ ਹੈ। ਪੰਜਾਬੀ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਕਰਕੇ ਸੁੰਦਰ ਲਿਖਾਈ ਲਿਖਣ ਦੀ ਕਲਾ ਨੂੰ ਪੰਜਾਬੀ ਜਾਂ ਗੁਰਮੁਖੀ ਕੈਲੀਗ੍ਰਾਫੀ ਵੀ ਕਿਹਾ ਜਾਂਦਾ ਹੈ।

ਪੰਜਾਬ ਵਿੱਚ 16 ਵੀਂ ਸਦੀ ਦੇ ਆਸ ਪਾਸ ਬਹੁਤ ਸਾਰੇ ਪ੍ਰਾਚੀਨ ਹੱਥ ਲਿਖਤ ਸਰੋਤ ਮਿਲਦੇ ਹਨ, ਜਿਨ੍ਹਾਂ ਵਿੱਚ ਗੁਰਮੁਖੀ ਕੈਲੀਗ੍ਰਾਫੀ ਦੀ ਵਰਤੋਂ ਕੀਤੀ ਗਈ ਸੀ। ਪ੍ਰਾਚੀਨ ਕੈਲੀਗ੍ਰਾਫਰਾਂ ਨੇ ਉਨ੍ਹਾਂ ਸਰੋਤਾਂ ਨੂੰ ਲਿਖਣ ਲਈ ਪ੍ਰਾਚੀਨ ਸਾਧਨਾਂ ਦੀ ਵਰਤੋਂ ਕੀਤੀ ਸੀ ਜਿਵੇਂ ਕਿ ਕਲਮ, ਪੰਛੀਆਂ ਦੇ ਖੰਭ, ਸਿਆਹੀ, ਫੱਟੀ ਅਤੇ ਹੱਥ ਨਾਲ ਬਣੇ ਕਾਗਜ਼ ਆਦਿ। ਇਸ ਤਰ੍ਹਾਂ ਦੀ ਕਲਾ ਵਿੱਚ ਕੈਲੀਗ੍ਰਾਫਰਾਂ ਨੂੰ ਅੱਖਰ ਬਰਾਬਰ ਰੱਖਣ ਲਈ ਹਰੇਕ ਅੱਖਰ ਦੇ ਸਟ੍ਰੋਕ ਦਾ ਧਿਆਨ ਰੱਖਣਾ ਪੈਂਦਾ ਹੈ।

ਵਿਸ਼ਵੀਕਰਨ ਅਤੇ ਪ੍ਰਵਾਸੀ ਪੰਜਾਬੀਆਂ ਦੇ ਵਾਧੇ ਕਾਰਨ ਗੁਰਮੁਖੀ ਕੈਲੀਗ੍ਰਾਫੀ ਵਿਸ਼ਵ ਪ੍ਰਸਿੱਧ ਹੋ ਗਈ ਹੈ। ਵੱਖ-ਵੱਖ ਦੇਸ਼ਾਂ ਵਿੱਚ ਬਹੁਤ ਸਾਰੇ ਪੰਜਾਬੀ ਸਕੂਲ ਖੋਲ੍ਹੇ ਗਏ ਹਨ ਜਿੱਥੇ ਕੋਈ ਵੀ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਕੈਲੀਗ੍ਰਾਫੀ ਸਿੱਖ ਸਕਦਾ ਹੈ। ਪ੍ਰਾਚੀਨ ਪੰਜਾਬੀ ਸੱਭਿਆਚਾਰ ਦੀ ਸੰਭਾਲ ਅਤੇ ਵਿਕਾਸ ਲਈ ਗੁਰਮੁਖੀ ਕੈਲੀਗ੍ਰਾਫੀ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਨ੍ਹਾਂ ਮੁਕਾਬਲਿਆਂ ਵਿੱਚ ਵੱਡੇ ਅਤੇ ਛੋਟੇ ਬੱਚੇ ਬਹੁਤ ਹੀ ਉਤਸ਼ਾਹ ਨਾਲ਼ ਹਿੱਸਾ ਲੈਂਦੇ ਹਨ। ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੇ ਗੁਰਮੁਖੀ ਕੈਲੀਗ੍ਰਾਫੀ ਨਾਲ ਸਜੀਆਂ ਚੀਜ਼ਾਂ ਅਤੇ ਕੈਨਵਸਾਂ ਨੂੰ ਖਰੀਦ ਕੇ ਇਸ ਕਲਾ ਵਿੱਚ ਆਪਣੀ ਬਹੁਤ ਦਿਲਚਸਪੀ ਦਿਖਾਈ ਹੈ।

ਅੱਜ-ਕੱਲ੍ਹ ਲੋਕ ਗੁਰਮੁਖੀ ਕੈਲੀਗ੍ਰਾਫੀ ਲਈ ਫਾਊਂਨਟੇਨ ਪੈੱਨ ਅਤੇ ਰੈਡੀਮੇਡ ਕਾਗਜ਼ ਦੀ ਵਰਤੋਂ ਕਰਦੇ ਹਨ। ਲੋਕਾਂ ਦੀ ਵੱਧ ਰਹੀ ਦਿਲਚਸਪੀ ਅਤੇ ਨਵੀਂ ਤਕਨਾਲੋਜੀ ਨੇ ਗੁਰਮੁਖੀ ਕੈਲੀਗ੍ਰਾਫੀ ਨੂੰ ਵਿਸ਼ਵ ਪੱਧਰ ‘ਤੇ ਵਿਕਸਤ ਹੋਣ ਵਿੱਚ ਬਹੁਤ ਯੋਗਦਾਨ ਪਾਇਆ ਹੈ ਅਤੇ ਇਹ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।



**Question 20** **(2 marks)**

Fill in the blanks in the sentence below.

Gurmukhi calligraphy is the art of writing letters in a ________________ and ________________ way.

**Question 21** **(4 marks)**

List **four** traditional tools used by calligraphers in Gurmukhi calligraphy.

One: ________________________________________________

Two: ________________________________________________

Three: ________________________________________________

Four: ________________________________________________

**Question 22** **(2 marks)**

Name **two** modern tools that are used in Gurmukhi calligraphy nowadays.

One: ________________________________________________

Two: ________________________________________________

## Part B: Reading and responding in Punjabi 15% (15 Marks)

This section contains **one** text and **one** question. Answer the question in **Punjabi** in the space provided.

Suggested working time: 30 minutes.

---

### Text 7: Punjabi musical concert

Read Text 7 and answer the question that follows in **Punjabi**.

ਸੰਗੀਤ ਹਰ ਇੱਕ ਮਨੁੱਖ ਨੂੰ ਵੱਖ-ਵੱਖ ਰੂਪਾਂ ਵਿੱਚ ਪ੍ਰਭਾਵਿਤ ਕਰਦਾ ਹੈ। ਸੰਗੀਤ ਨੂੰ ਰੂਹ ਦੀ ਖ਼ੁਰਾਕ ਵੀ ਕਿਹਾ ਜਾਂਦਾ ਹੈ। ਕਈ ਖੋਜਾਂ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸੰਗੀਤ ਕਈ ਬਿਮਾਰੀਆਂ ਦਾ ਇਲਾਜ ਵੀ ਹੈ। ਬੋਲੀ ਵਾਂਗ ਸੰਗੀਤ ਵੀ ਸ਼ੁਰੂ ਤੋਂ ਹੀ ਮਨੁੱਖੀ ਭਾਵਾਂ ਨੂੰ ਦਰਸਾਉਣ ਦਾ ਸਾਧਨ ਰਿਹਾ ਹੈ। ਜੀਵਨ ਵਿੱਚ ਸੰਗੀਤ ਦੀ ਮਹੱਤਤਾ ਨੂੰ ਦੇਖਦੇ ਹੋਏ ਹਰ ਸਾਲ 21 ਜੂਨ ਨੂੰ ਵਿਸ਼ਵ ਸੰਗੀਤ ਦਿਵਸ ਵੀ ਮਨਾਇਆ ਜਾਂਦਾ ਹੈ।

ਮੈਨੂੰ ਬਚਪਨ ਤੋਂ ਹੀ ਸੰਗੀਤ ਬਹੁਤ ਪਸੰਦ ਹੈ ਅਤੇ ਮੇਰੇ ਕੋਲ ਕਈ ਤਰ੍ਹਾਂ ਦੇ ਸਾਜ ਹਨ ਜਿਵੇਂ ਕਿ ਹਰਮੋਨਿਅਮ, ਤਬਲਾ ਅਤੇ ਗਿਟਾਰ। ਜਦੋਂ ਕਦੇ ਮੈਨੂੰ ਸੰਗੀਤ ਸਮਾਰੋਹ ਵਿੱਚ ਜਾਣ ਦਾ ਮੌਕਾ ਮਿਲਦਾ ਹੈ ਤਾਂ ਮੈਂ ਉਸ ਨੂੰ ਗਵਾਏ ਬਿਨਾਂ ਉੱਥੇ ਜ਼ਰੂਰ ਜਾਂਦਾ ਹਾਂ। ਕੁਝ ਦਿਨ ਪਹਿਲਾਂ, ਪਰਥ ਕੰਸਰਟ ਹਾਲ ਵਿੱਚ 18 ਜੁਲਾਈ ਤੋਂ 20 ਜੁਲਾਈ ਤੱਕ ਇੱਕ ਸੰਗੀਤਕ ਸਮਾਰੋਹ ਆਯੋਜਿਤ ਕੀਤਾ ਗਿਆ ਸੀ। ਮੈਂ 18 ਜੁਲਾਈ ਨੂੰ ਉਸ ਸਮਾਰੋਹ ਵਿੱਚ ਸ਼ਾਮਿਲ ਹੋਇਆ ਸੀ ਅਤੇ ਮੈਂ ਉੱਥੇ ਪੁਰਾਤਨ ਅਤੇ ਆਧੁਨਿਕ ਸਾਜਾਂ ਤੇ ਵਜਾਏ ਪੰਜਾਬੀ ਸੰਗੀਤ ਦਾ ਆਨੰਦ ਮਾਣਿਆ। ਬਹੁਤ ਸਾਰੇ ਸੰਗੀਤਕਾਰਾਂ ਨੇ ਪੁਰਾਤਨ ਸਾਜ, ਜਿਵੇਂ ਕਿ ਸਾਰੰਗੀ, ਢੋਲ, ਰਬਾਬ ਅਤੇ ਆਧੁਨਿਕ ਸਾਜ, ਜਿਵੇਂ ਕਿ ਗਿਟਾਰ, ਪਿਆਨੋ, ਵਾਇਲਨ ਆਦਿ ਤੇ ਅਦਭੁਤ ਕਲਾ ਦਾ ਪ੍ਰਦਰਸ਼ਨ ਕੀਤਾ।

ਇਸ ਸੰਗੀਤਕ ਸਮਾਰੋਹ ਵਿੱਚ ਸਾਰੇ ਸੰਗੀਤਕਾਰ ਆਪਣੇ-ਆਪਣੇ ਸਾਜ ਵਜਾਉਣ ਵਿੱਚ ਮਾਹਿਰ ਸਨ ਅਤੇ ਇੰਝ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਹਰ ਸੰਗੀਤਕਾਰ ਆਪਣੀ ਕੋਈ ਕਹਾਣੀ ਸੁਣਾ ਰਿਹਾ ਹੋਵੇ। ਹਰ ਸਾਜ ਦੀ ਆਪਣੀ ਇੱਕ ਵੱਖਰੀ ਹੀ ਵਿੱਲਖਣ ਦਿੱਖ ਅਤੇ ਧੁਨ ਸੀ। ਉਨ੍ਹਾਂ ਸਾਰੇ ਸਾਜ਼ਾਂ ਵਿੱਚੋਂ ਪੁਰਾਤਨ ਸਾਜ ਰਬਾਬ ਤੇ ਵੱਜਦੀਆਂ ਧੁਨਾਂ ਨੇ ਮੈਨੂੰ ਮੋਹ ਲਿਆ ਸੀ। ਇਹ ਸਾਜ ਲੱਕੜ ਦੇ ਇੱਕੋ ਟੁਕੜੇ ਅਤੇ ਕੁੱਝ ਤਾਰਾਂ ਨਾਲ ਬਣਾਇਆ ਜਾਂਦਾ ਹੈ। ਇਸ ਦੀ ਅਵਾਜ਼ ਬੜੀ ਭਰਵੀਂ ਅਤੇ ਮਿੱਠੀ ਹੁੰਦੀ ਹੈ। ਪੁਰਾਤਨ ਸਮੇਂ ਤੋਂ ਹੀ ਰਬਾਬ ਦੀ ਵਰਤੋਂ ਵੱਖ-ਵੱਖ ਤਰ੍ਹਾਂ ਦੇ ਸੰਗੀਤ ਨੂੰ ਪੈਦਾ ਕਰਨ ਲਈ ਕੀਤੀ ਜਾਂਦੀ ਹੈ।

ਸਮਾਰੋਹ ਵਿੱਚ ਸੰਗੀਤਕਾਰ ਨੇ ਰਬਾਬ ਦੀਆਂ ਧੁਨਾਂ ਨੂੰ ਇਸ ਤਰ੍ਹਾਂ ਵਜਾਇਆ ਕਿ ਉਹ ਮੇਰੀ ਰੂਹ ਨੂੰ ਛੂਹ ਗਈਆਂ। ਉਸ ਸੰਗੀਤਕ ਸਮਾਰੋਹ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਮੈਂ ਆਪਣੇ ਸਾਰੇ ਦੋਸਤਾਂ ਨੂੰ ਇਸ ਦੀ ਸਿਫਾਰਸ਼ ਕੀਤੀ ਤਾਂ ਜੋ ਉਹ ਵੀ ਇਸ ਅਦਭੁਤ ਸੰਗੀਤਕ ਸਮਾਰੋਹ ਦਾ ਅਨੁਭਵ ਕਰ ਸਕਣ।

For copyright reasons this image cannot be reproduced in this document but may be viewed online at the following link https://www.sikhsaaj.com/store/p17/Rabab.html .

**Question 23** **(15 marks)**

ਸਮੀਖਿਆ ਵਿੱਚ ਲੇਖਕ ਦੁਆਰਾ ਸੰਗੀਤ ਸਮਾਰੋਹ ਬਾਰੇ ਦਿੱਤੇ ਗਏ ਤੱਤਾਂ ਦਾ ਵੇਰਵਾ ਦਿੰਦੇ ਹੋਏ ਲੇਖਕ ਦੇ ਪਸੰਦੀਦਾ (ਪਸੰਦ ਦੇ) ਸਾਜ ਬਾਰੇ ਇੱਕ ਪ੍ਰਤੀਬਿਬੰਤ ਲੇਖ ਲਿਖੋ।

Write a reflective article highlighting the main aspects of the musical concert mentioned by the writer and include the writer's favourite instrument.

Write approximately **100** words in **Punjabi**.

**End of Section Two**

## Section Three: Writing in Punjabi 40% (40 Marks)

This section contains **two** parts and **three** questions.

**Part A: Short response**
There is **one** question. Answer the question in **Punjabi** in the space provided.

**Part B: Extended response**
There are **two** questions. Answer **one** question in **Punjabi** in the space provided.

Supplementary pages for planning/continuing your answers to questions are provided at the end of this Question/Answer booklet. If you use these pages to continue an answer, indicate at the original answer where the answer is continued, i.e. give the page number.

Suggested working time: 60 minutes.

---

**Part A: Short response** **15% (15 Marks)**

There is **one** question. Answer the question in **Punjabi** in the space provided.

Suggested working time: 20 minutes.

---

**Question 24** **(15 marks)**

ਤੁਹਾਡਾ ਸਕੂਲ ਸਦਭਾਵਨਾ ਦਿਵਸ ਮਨਾਉਣ ਲਈ ਅਲੱਗ- ਅਲੱਗ ਭਾਈਚਾਰਿਆਂ ਨਾਲ ਸੰਬੰਧਿਤ ਭੋਜਨ ਦੀਆਂ ਦੁਕਾਨਾਂ ਦਾ ਆਯੋਜਨ ਕਰ ਰਿਹਾ ਹੈ। ਆਪਣੇ ਪ੍ਰਿੰਸੀਪਲ ਨੂੰ ਇੱਕ ਪ੍ਰੇਰਕ ਈਮੇਲ ਲਿਖੋ। ਜਿਸ ਵਿੱਚ ਪੰਜਾਬੀ ਭੋਜਨ ਦੀ ਮਹੱਤਤਾ ਦੱਸਦੇ ਹੋਏ, ਪੰਜਾਬੀ ਭੋਜਨ ਦੀ ਦੁਕਾਨ ਨੂੰ ਭੋਜਨ ਦੁਕਾਨਾਂ ਵਿੱਚ ਸ਼ਾਮਿਲ ਕਰਨ ਦੀ ਅਪੀਲ ਕਰੋ।

ਆਪਣੀ ਈਮੇਲ ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਿਲ ਕਰੋ:
- ਸਿਹਤ ਲਈ ਪੰਜਾਬੀ ਭੋਜਨ ਦੀ ਮਹੱਤਤਾ।
- ਪੰਜਾਬੀ ਭੋਜਨ ਦੀ ਪ੍ਰਸਿੱਧੀ ਦੇ ਮੁੱਖ ਕਾਰਨ।
- ਪੰਜਾਬੀ ਭੋਜਨ ਨੂੰ ਤਿਆਰ ਕਰਨ ਲਈ ਘੱਟ ਲਾਗਤ ਦਾ ਆਉਣਾ।

Your school is organising food stalls related to different communities to celebrate Harmony Day. Write a persuasive email to your school principal explaining the importance of Punjabi food and persuade her to include a Punjabi food store in the Harmony Day celebrations as well.

In your email, include the following:

- the importance of Punjabi food for health
- the main reasons behind the popularity of Punjabi food
- the low cost of preparing Punjabi food.

Write approximately **100** words in **Punjabi**.

**Part B: Extended response** **25% (25 Marks)**

There are **two** questions. Answer **one** question in **Punjabi** in the space provided.

Suggested working time: 40 minutes.

---

**Question 25** **(25 marks)**

ਤੁਸੀਂ ਬਾਰਵੀਂ ਪਾਸ ਕਰ ਲਈ ਹੈ। ਹੁਣ ਤੁਸੀਂ ਗੈਪ ਇਅਰ/ਯਿਅਰ ਲੈ ਕੇ ਪੰਜਾਬ ਵਿੱਚ ਨਿਸ਼ਕਾਮ ਸੇਵਾ/ ਵਲੰਟੀਅਰ ਕੰਮ ਕਰਨਾ ਚਾਹੁੰਦੇ ਹੋ। ਪਰ ਤੁਹਾਡੇ ਮਾਤਾ-ਪਿਤਾ ਤੁਹਾਡੇ ਇਸ ਫੈਸਲੇ ਨਾਲ ਸਹਿਮਤ ਨਹੀਂ ਹਨ। ਉਹਨਾਂ ਨੂੰ ਇੱਕ ਪ੍ਰੇਰਕ ਪੱਤਰ ਲਿਖੋ। ਆਪਣੇ ਪੱਤਰ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਿਲ ਕਰੋ:

- ਗੈਪ ਇਅਰ ਲੈਣ ਦੇ ਫਾਇਦੇ
- ਤੁਹਾਨੂੰ ਪੰਜਾਬ ਵਿੱਚ ਵਲੰਟੀਅਰ ਕੰਮ ਕਰਨ ਵਿੱਚ ਦਿਲਚਸਪੀ ਕਿਉਂ ਹੈ
- ਪੰਜਾਬ ਵਿੱਚ ਵਲੰਟੀਅਰ ਕੰਮ ਕਰਨਾ ਤੁਹਾਡੇ ਭੱਵਿਖਤ ਕੈਰੀਅਰ ਨੂੰ ਕਿਵੇਂ ਪ੍ਰਭਾਵਿਤ ਕਰੇਗਾ

You have completed Year 12 and want to take a gap year to do volunteer work in Punjab. Your parents disapprove of your plans. Write a persuasive letter to convince them of your plans.
In your letter, include the following:

- the advantages of taking a gap year
- why you are interested in volunteering opportunities in Punjab
- how volunteering in Punjab will positively impact your future career.

Write approximately **250** words in **Punjabi**.

**or**

**Question 26** **(25 marks)**

**ਸੈਵਨ ਸਟਾਰ ਇਮੀਗ੍ਰੇਸ਼ਨ ਵਿਖੇ ਅਨੁਵਾਦਕ ਦੀ ਨੌਕਰੀ**

ਸਾਡੀ ਕੰਪਨੀ ਨੂੰ ਅੰਗਰੇਜ਼ੀ-ਪੰਜਾਬੀ ਅਨੁਵਾਦਕ ਵਜੋਂ ਕੰਮ ਕਰਨ ਲਈ ਇੱਕ ਮਿਹਨਤੀ ਅਤੇ ਪੜ੍ਹੇ-ਲਿਖੇ ਵਿਅਕਤੀ ਦੀ ਲੋੜ ਹੈ। ਉਮੀਦਵਾਰ ਆਪਸੀ ਗੱਲਬਾਤ ਅਤੇ ਸੰਚਾਰ ਵਿੱਚ ਚੰਗਾ ਹੋਣਾ ਚਾਹੀਦਾ ਹੈ। ਉਹ ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿੱਚ ਜ਼ੁਬਾਨੀ ਅਤੇ ਲਿਖਤੀ ਰੂਪ ਵਿੱਚ ਅਨੁਵਾਦ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਰਜ਼ੀ ਦੇਣ ਲਈ, ਸਾਡੇ ਮੈਨੇਜਰ-ਜੌਹਨ ਕਲਾਰਕ ਨੂੰ ਇੱਕ ਪੱਤਰ ਭੇਜੋ। ਅਰਜ਼ੀ ਭੇਜਣ ਲਈ ਪਤਾ ਇਸ ਤਰ੍ਹਾਂ ਹੈ: 3, ਕੁਈਨ ਸਟ੍ਰੀਟ, ਅਲਬਾਨੀ, ਪੱਛਮੀ ਆਸਟਰੇਲੀਆ।

ਇਸ ਨੌਕਰੀ ਲਈ ਕੰਪਨੀ ਦੇ ਮੈਨੇਜਰ ਨੂੰ ਇੱਕ ਨਿੱਜੀ ਅਰਜ਼ੀ ਪੱਤਰ ਲਿਖੋ ਅਤੇ ਆਪਣੇ ਪੱਤਰ ਵਿੱਚ ਹੇਠ ਲਿਖੀਆਂ ਗੱਲਾਂ ਦਾ ਵਰਣਨ ਕਰੋ:

- ਆਪਣੀ ਯੋਗਤਾ ਅਤੇ ਤਜਰਬਾ
- ਤੁਸੀਂ ਇਸ ਵਿਸ਼ੇਸ਼ ਭੂਮਿਕਾ ਵਿੱਚ ਦਿਲਚਸਪੀ ਕਿਉਂ ਰੱਖਦੇ ਹੋ
- ਤੁਸੀਂ ਇਸ ਕੰਪਨੀ ਦੇ ਵਿਕਾਸ ਲਈ ਕਿਵੇਂ ਯੋਗਦਾਨ ਪਾਓਗੇ

**Translator job at Seven Star Immigration**

Our company needs a hardworking and qualified person to work as an English-Punjabi translator. The candidate should have excellent communication and interpersonal skills, and should be able to translate between English and Punjabi both verbally and in the written form. To apply, send a letter to our Manager - John Clarke. Our address is 3 Queen Street, Albany, Western Australia.

Write a personal letter to the manager of the company applying for this position. Include the following in your letter:

- your qualification and experience
- why you are interested in this particular role
- how will you contribute towards the growth of the company.

Write approximately **250** words in **Punjabi**.

**End of questions**

I am answering

| Question | ✓ |
|---|---|
| 25 | |
| 26 | |

Supplementary page

Question number: ____________________

Supplementary page

Question number: ______________

Supplementary page

Question number: ____________________

**Copyright**
© School Curriculum and Standards Authority, 2024

This document – apart from any third-party copyright material contained in it – may be freely copied, or communicated on an intranet, for non-commercial purposes in educational institutions, provided that it is not changed and that the School Curriculum and Standards Authority (the Authority) is acknowledged as the copyright owner, and that the Authority's moral rights are not infringed.

Copying or communication for any other purpose can be done only within the terms of the *Copyright Act 1968* or with prior written permission of the Authority. Copying or communication of any third-party copyright material can be done only within the terms of the *Copyright Act 1968* or with permission of the copyright owners.

Any content in this document that has been derived from the Australian Curriculum may be used under the terms of the Creative Commons Attribution 4.0 International (CC BY) licence.

An *Acknowledgements variation* document is available on the Authority website.

*Published by the School Curriculum and Standards Authority of Western Australia*
*303 Sevenoaks Street*
*CANNINGTON WA 6107*